
# ਰਮੇਸ਼ ਕੁਮਾਰ ਕਾਵਿ: ਚਿੰਤਨ ਅਤੇ ਚੇਤਨਾ

## ‘ਅਸਹਿਮਤ’ ਦੇ ਆਧਾਰ ’ਤੇ




ਸੰਪਾਦਕ

**ਡਾ. ਤਿਲਕ ਰਾਜ**

Scanned with OKEN Scanner

# ਤਤਕਰਾ

1. ਆਸ਼ੀਰ-ਵਚਨ ............................ -ਡਾ. ਰਤਨ ਸਿੰਘ ਢਿੱਲੋਂ 9

2. ਅਸਹਿਮਤ : ਪਰਤ ਦਰ ਪਰਤ .......... -ਡਾ. ਤਿਲਕ ਰਾਜ 11

3. ਅਸਹਿਮਤੀ ਦਾ ਪ੍ਰਵਚਨ ................................................ 15
-ਡਾ. ਕੁਲਦੀਪ ਸਿੰਘ ਧੀਰ (ਸਵ.)

4. ਖਾਮੋਸ਼ੀ ਦੇ ਮੰਜ਼ਰ 'ਚ ਕਾਫ਼ਿਰ ਦੀ ਸਦਾਅ .......................... 25
-ਪ੍ਰੋ. ਸੁਖਦੇਵ ਸਿੰਘ ਸਿਰਸਾ

5. ਸੱਚ ਤੇ ਸੁਹਜ ਦੀ ਸ਼ਾਇਰੀ: ਰਮੇਸ਼ ਕੁਮਾਰ ............................ 30
-ਡਾ. ਜਸਪਾਲ ਕੌਰ ਕਾਂਗ

6. ਬਦਲਦੇ ਪਰਿਪੇਖ ਦਾ ਕਵੀ ਰਮੇਸ਼ ਕੁਮਾਰ ............................ 35
-ਡਾ. ਰਤਨ ਸਿੰਘ ਢਿੱਲੋਂ

7. ਅਮਾਨਵੀ ਵਰਤਾਰਿਆਂ ਪ੍ਰਤੀ ਅਸਹਿਮਤੀ ਦਾ ਪ੍ਰਵਚਨ: ਅ ਸਹਿਮਤ .... 45
-ਡਾ. ਪਰਮਜੀਤ ਕੌਰ ਸਿੱਧੂ

8. ਅਸਹਿਮਤੀ ਦਾ ਕਾਵਿ ਉਚਾਰ: ਅਸਹਿਮਤ .......................... 56
-ਡਾ. ਅਮਰਜੀਤ ਸਿੰਘ

9. ਪਥਰਾਈ ਮਾਨਸਿਕਤਾ ਦਾ ਕਾਵਿਕ ਪ੍ਰਵਚਨ: ਅਸਹਿਮਤ ......... 70
-ਡਾ. ਕੁਲਦੀਪ ਸਿੰਘ ਦੀਪ

10. ਰਮੇਸ਼ ਕੁਮਾਰ ਦੇ ਕਾਵਿ ਚਿੰਤਨ ਵਿਚ ਅਸਹਿਮਤੀ ਦੀ ਵਿਆਕਰਣ ....... 83
-ਡਾ. ਨਰਿੰਦਰ ਪਾਲ ਸਿੰਘ

11. ਅਸਹਿਮਤ: ਚਿਹਨ ਸ਼ਾਸਤਰ ............................................. 88
-ਡਾ. ਗੁਰਿੰਦਰ ਸਿੰਘ

12. ਰਮੇਸ਼ ਕੁਮਾਰ ਦੀ ਕਾਵਿ ਸੁਚੇਤਤਾ ਦਾ ਸਾਕਾਰ ਅਰਥ: ਅ ਸਹਿਮਤ ...... 100
-ਡਾ. ਤਿਲਕ ਰਾਜ

13. ਅਸਹਿਮਤ: ਮਾਨਵੀ ਸਰੋਕਾਰ ............................................ 113
-ਡਾ. ਸੁਖਵਿੰਦਰ ਕੌਰ ਕੰਵਲ

14. 'ਅ ਸਹਿਮਤ' ਦਾ ਸੰਚਾਰ ਵਿਧਾਨ ........................................ 119
-ਇੰਦਰਜੀਤ ਸਿੰਘ

15. 'ਅਸਹਿਮਤ' ਦੇ ਆਧਾਰ ਤੇ ਰਮੇਸ਼ ਕੁਮਾਰ ਦੀ ਕਾਵਿ ਸੰਵੇਦਨਾਂ .... 128
-ਡਾ. ਚੂਹੜ ਸਿੰਘ

16. 'ਅਸਹਿਮਤ' ਦਾ ਕਾਵਿ ਪ੍ਰਵਚਨ ........................................ 135
-ਡਾ. ਨਿਸ਼ਾਨ ਸਿੰਘ ਰਾਠੌਰ

17. ਅਸਹਿਮਤੀ ਦੇ ਵਿਭਿੰਨ ਪਾਸਾਰ: ਅਸਹਿਮਤ ........................ 145
-ਡਾ. ਗੁਰਜਿੰਦਰ ਕੌਰ

18. ਅਸਹਿਮਤ: ਅਣਸੁਲਝੇ ਮਸਲਿਆਂ 'ਤੇ ਪ੍ਰਸ਼ਨ ਚਿੰਨ੍ਹ ............ 157
-ਜਗਪਾਲ

19. ਅਸਹਿਮਤ: ਵਿਆਖਿਆ ਵਿਸ਼ਲੇਸ਼ਣ ...................................... 167
-ਡਾ. ਬਲਜਿੰਦਰ ਸਿੰਘ

20. ਲੇਖਕਾਂ ਬਾਰੇ ............................................................. 174

Scanned with OKEN Scanner

ਖ਼ਬਰੇ! ਇਸੇ ਕਰਕੇ ਕਿਹਾ ਜਾਂਦਾ ਹੈ ਕਿ ਆਲੋਚਕ ਦੀ ਦ੍ਰਿਸ਼ਟੀ, ਸ਼ਾਇਰ ਦੀ ਦ੍ਰਿਸ਼ਟੀ ਨਾਲੋਂ ਵੱਧ ਤੇਜ਼ ਅਤੇ ਬਹੁਪੱਖੀ ਹੁੰਦੀ ਹੈ। ਕਈ ਵਾਰ ਆਲੋਚਕ ਅਜਿਹੀਆਂ ਗੱਲਾਂ ਲੱਭ ਕੇ ਲਿਆਉਂਦਾ ਹੈ ਜਿੰਨ੍ਹਾਂ ਦਾ ਸ਼ਾਇਰ ਨੂੰ ਖ਼ੁਦ ਨਹੀਂ ਪਤਾ ਹੁੰਦਾ।

ਉੱਪਰ ਕੀਤੀ ਗਈ ਵਿਚਾਰ-ਚਰਚਾ ਦੇ ਆਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਰਮੇਸ਼ ਕੁਮਾਰ ਦੀ ਕਾਵਿ ਪੁਸਤਕ ਅਸਹਿਮਤ ਪੰਜਾਬੀ ਸਾਹਿਤ ਦੇ ਖ਼ੇਤਰ ਵਿਚ ਮੀਲ ਪੱਥਰ ਸਾਬਿਤ ਹੋਵੇਗੀ ਕਿਉਂਕਿ ਇਹਨਾਂ ਕਵਿਤਾਵਾਂ ਦੇ ਪਾਠ ਉਪਰੰਤ ਪਾਠਕ ਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਕਵਿਤਾ ਕੋਈ ਅਗੰਮੀ ਸ਼ੈਅ ਨਹੀਂ ਬਲਕਿ ਕਵਿਤਾ ਦਾ ਉਹਨਾਂ ਦੇ ਆਲੇ-ਦੁਆਲੇ ਦੀ ਗੱਲ ਹੈ,ਵਿਚਾਰ ਹੈ, ਜਿਸਨੂੰ ਸਹੀ ਅਤੇ ਦਰੁੱਸਤ ਲਫ਼ਜ਼ ਮਿਲ ਗਏ। ਇਹਨਾਂ ਲਫ਼ਜ਼ਾਂ ਦੀ ਚੋਣ ਦਾ ਸਿਹਰਾ ਸ਼ਾਇਰ ਦੇ ਸਿਰ ਬੱਝਦਾ ਹੈ। ਜਿਹੜਾ ਕਿ ਅਸਹਿਮਤ ਪੜ੍ਹਣ ਉਪਰੰਤ ਰਮੇਸ਼ ਕੁਮਾਰ ਹੁਰਾਂ ਦੇ ਸਿਰ ਬੱਝਾ ਹੈ। ਇਹਨਾਂ ਲਫ਼ਜ਼ਾਂ ਨੂੰ ਪੜ੍ਹਦਿਆਂ ਪਾਠਕ ਆਪਣੇ-ਆਪ ਨੂੰ ਭੁੱਲ ਜਾਂਦਾ ਹੈ। ਉਹ ਵਿਚਾਰਾਂ ਦੇ ਦਰਿਆ ਵਿਚ ਵਹਿ ਜਾਂਦਾ ਹੈ। ਉਸਨੂੰ ਕਵਿਤਾ ਵਿਚਲੀ ਹਰ ਕਹਾਣੀ ਆਪਣੀ ਕਹਾਣੀ ਜਾਪਦੀ ਹੈ। ਇਹੋ ਰਮੇਸ਼ ਕੁਮਾਰ ਦੀ ਕਲਮ ਦਾ ਕਮਾਲ ਹੈ।



## ਅਸਹਿਮਤੀ ਦੇ ਵਿਭਿੰਨ ਪਾਸਾਰ- ‘ਅਸਹਿਮਤ’

-ਡਾ. ਗੁਰਜਿੰਦਰ ਕੌਰ

ਆਧੁਨਿਕ ਪੰਜਾਬੀ ਕਵਿਤਾ ਲਈ ਇਹ ਮਾਣ ਦੀ ਗੱਲ ਹੈ ਕਿ ਪੰਜਾਬੀ ਕਵਿਤਾ ਬਹੁਤ ਵੱਡੇ ਪੱਧਰ ਤੇ ਰਚੀ ਜਾ ਰਹੀ ਹੈ ਅਤੇ ਇਸਦੇ ਥੀਮਕ ਪਾਸਾਰਾਂ ਦਾ ਕੋਈ ਪਾਰਾਵਾਰ ਨਹੀਂ। ਪੰਜਾਬ ਤੋਂ ਬਾਹਰ ਵੀ ਪੰਜਾਬੀ ਕਵਿਤਾ ਲਗਾਤਾਰ ਰਚੀ ਜਾ ਰਹੀ ਹੈ। ਵਿਸ਼ੇਸ਼ ਤੌਰ ’ਤੇ ਹਰਿਆਣੇ ਵਿਚ ਬਹੁਤ ਸਾਰੇ ਕਵੀਆਂ ਦੁਆਰਾ ਮਿਆਰੀ ਕਵਿਤਾ ਰਚੀ ਜਾ ਰਹੀ ਹੈ। ਹਰਿਆਣੇ ਦੀ ਪੰਜਾਬੀ ਕਵਿਤਾ ਵਿਚ ਡਾ. ਰਮੇਸ਼ ਕੁਮਾਰ ਦਾ ਸਨਮਾਨ ਯੋਗ ਸਥਾਨ ਹੈ। ਸ਼ਹਿਰਨਾਮਾ-ਫਰੀਦ ਕੋਟ, ਹੈਂਗਰ ਤੇ ਲਟਕਦੇ ਪਲ, ਬੱਦਲਾਂ ਦੇ ਹਾਸੀਏ, ਧਨੁਸ਼ ਜੂਨ, ਆਵਾਜ ਦੇ ਆਕਾਰ, ਫੋਟੋ-ਫਰੇਮ ਆਦਿ ਰਮੇਸ਼ ਕੁਮਾਰ ਦੇ ਕਾਵਿ-ਸੰਗ੍ਰਹਿ ਕਿਸੇ ਪਛਾਣ ਦੇ ਮੁਹਤਾਜ ਨਹੀਂ।

ਹੱਥਲਾ ਕਾਵਿ-ਸੰਗ੍ਰਹਿ ‘ਅਸਹਿਮਤ’ ਡਾ. ਰਮੇਸ਼ ਕੁਮਾਰ ਦਾ ਚਿੰਤਨ ਅਤੇ ਚੇਤਨਾ ਦੇ ਖੇਤਰ ਵਿਚ ਜਾਣਿਆ ਜਾਣ ਵਾਲਾ ਨਵਾਂ ਕਾਵਿ-ਸੰਗ੍ਰਹਿ ਹੈ। ਤਨੋਂ-ਮਨੋਂ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਡਾ. ਰਮੇਸ਼ ਕੁਮਾਰ ਆਧੁਨਿਕ ਚਿੰਤਨ ਦਾ ਹਾਣੀ ਕਵੀ ਹੈ। ਮਨੁੱਖ ਦੀ ਬੇਵਸੀ, ਲਾਚਾਰਗੀ ਅਤੇ ਅਰਥਹੀਣਤਾ ਆਦਿ ਬਿੰਦੂਆਂ ਨੂੰ ਲੈ ਕੇ ਕਵੀ ਰਮੇਸ਼ ਕੁਮਾਰ ਨੇ ਵਰਤਮਾਨ ਜੀਵਨ ਦੇ ਆਰ-ਪਾਰ ਫੈਲੇ ਸੰਤਾਪ ਕਾਰਨ ਸਥਾਪਤ ਵਿਵਸਥਾ ਨਾਲ਼ ‘ਅਸਹਿਮਤੀ’ ਵੱਲ ਆਪਣੇ ਪਾਠਕਾਂ ਦਾ ਧਿਆਨ ਖਿੱਚਿਆ ਹੈ। ਅਜੋਕੀ ਜੀਵਨ ਜਾਂਚ ‘ਹਾਂ ਵਿਚ ਹਾਂ’ ਮਿਲਾਉਣ ਵਾਲੇ ਪਾਸਾਰਾਂ ਵਿਚ ਇਸ ਕਦਰ ਗ੍ਰਸਤ ਹੋ ਚੁੱਕੀ ਹੈ ਕਿ ਅੱਜ ਦਾ ਮਨੁੱਖ ਆਪਣੇ ਦ੍ਰਿਸ਼ਟੀਕੋਣ ਨੂੰ ਬਿਨਾਂ ਕਿਸੇ ਵਿਰੋਧ ਦੇ ਦੂਜਿਆਂ ਦੀ ਖ਼ੁਸ਼ਾਮਦੀ ਲਈ ਗਵਾ ਚੁੱਕਿਆ ਹੈ।

ਭਾਰਤੀ ਇਤਿਹਾਸ ਜਾਂ ਵਿਸ਼ਵ ਦੇ ਇਤਿਹਾਸ ਵਿਚ ‘ਅਸਹਿਮਤੀ’ ਅਤੇ ‘ਵੀਰਤਾ’ ਮਨੁੱਖ ਦੇ ਅੰਗ-ਸੰਗ ਰਹੀ ਹੈ ਪਰੰਤੂ ਅਜੋਕੇ ਸਮੇਂ ਦੀ ਇਹ ਵਿਡੰਬਨਾ ਬਣ ਗਈ ਹੈ ਕਿ ‘ਸਹਿਮਤੀ’ ਤੇ ‘ਕਾਇਰਤਾ’ ਮਨੁੱਖ ਦੇ ਆਰ-ਪਾਰ ਫੈਲੀ ਹੋਈ ਹੈ। ਇਤਿਹਾਸ ਵਿਚਲੇ ਪ੍ਰਮਾਣਿਕ ਮਨੁੱਖ ਦੀ ਜੀਵਨ-ਜਾਂਚ ਦੇ ਮੁਕਾਬਲੇ ਅੱਜ ਦੇ ਮਨੁੱਖ ਦੀ ਜੀਵਨ-ਜਾਂਚ ਗਿਆਨ ਵਿਹੂਣੀ ‘ਸਹਿਮਤੀ’ ਵਿਚ ਰੁਪਾਂਤਰਿਤ ਹੋ ਗਈ ਹੈ। ਹੱਥਲੀ ਪੁਸਤਕ ‘ਅਸਹਿਮਤ’ ਵਿਚ ਡਾ. ਰਮੇਸ਼ ਕੁਮਾਰ ਦੁਆਰਾ ਰਚਿਤ 51 ਕਵਿਤਾਵਾਂ ਸ਼ਾਮਿਲ ਹਨ। ਬਹੁਤ ਕਠੋਰ ਹਕੀਕਤਾਂ ਨੂੰ ਬਿਆਨ ਕਰਦੀ ਹੋਈ



Scanned with OKEN Scanner

ਡਾ. ਰਮੇਸ਼ ਦੀ ਕਵਿਤਾ ਦੀ 'ਅਸਹਿਮਤ' ਪੁਸਤਕ ਦਾ ਪੈਰਾਡਾਇਮ ਅੱਜ ਦੇ ਸੱਚ ਨੂੰ ਬਿਆਨ ਕਰਦਾ ਹੈ। 'ਟਾਇਮ ਸਕੇਪ' ਕਵਿਤਾ ਵਿਚ ਕਵੀ ਦੇ ਕਾਵਿ ਵਿਚਾਰ ਦੀ ਪੇਸ਼ਕਾਰੀ ਵੇਖ ਸਕਦੇ ਹਾਂ :

*ਕਿਸੇ ਚਿਹਰੇ 'ਤੇ ਪਈਆਂ ਝੁਰੜੀਆਂ*
*ਖੁਰਦਰੇ ਹੱਥਾਂ 'ਤੇ ਪਏ ਅੱਟਣ*
*ਅਤੇ*
*ਪੈਰ ਬਿਆਈਆਂ ਵਾਲੇ ਲੋਕ*
*ਹੁਣ*
*ਸਿਰਫ਼*
*ਤਸਵੀਰਾਂ ਵਿਚ ਹੀ ਅੱਛੇ ਲਗਦੇ ਹਨ।* [1]

ਅਸਹਿਮਤੀ ਦੇ ਪ੍ਰਵਚਨ ਰਾਹੀਂ ਡਾ. ਰਮੇਸ਼ ਨੇ 'ਅਸਹਿਮਤੀ' ਦੀ ਪੂਰਵ-ਧਾਰਨਾ ਜਾਂ ਤਤਕਾਲੀ ਧਾਰਨਾ ਨੂੰ ਰੱਦ ਕਰਕੇ ਇਸ ਵਿਚ ਨਵੇਂ ਅਰਥਾਂ ਦਾ ਸੰਚਾਰ ਕੀਤਾ। ਇਕ ਪੱਖ ਤੋਂ ਦੇਖੀਏ ਤਾਂ 'ਅਸਹਿਮਤ' ਸ਼ਬਦ 'ਸਹਿਮਤ' ਸ਼ਬਦ ਦੀ ਨਿਖੇਧੀ ਕਰਦਾ ਹੈ। ਡਾ. ਰਮੇਸ਼ ਦੇ ਹੱਥਲੇ ਕਾਵਿ-ਸੰਗ੍ਰਹਿ ਦੇ ਸਿਰਲੇਖ 'ਅਸਹਿਮਤ' ਭਾਵ ਇਸ ਨਕਰਾਤਮਕ ਸ਼ਬਦ ਦੇ ਸਿਰਲੇਖ ਵਿਚੋਂ ਸਕਾਰਾਤਮਕ ਊਰਜਾ ਠਾਠਾਂ ਮਾਰ ਰਹੀ ਹੈ। ਅ-ਸਹਿਮਤ ਕਵਿਤਾ ਵਿਚਲਾ ਰਮੇਸ਼ ਕੁਮਾਰ ਦਾ ਬਿਆਨ ਉਹਨਾਂ ਦੀ ਸੁਲਝੀ ਹੋਈ ਸੋਚ ਤੇ ਮੋਹਰ ਲਾਉਂਦਾ ਹੈ:

*ਜਦ ਜਦ ਵੀ*
*ਮੈਂ*
*ਆਪਣੇ ਆਪ ਨਾਲ*
*ਅਸਹਿਮਤ ਹੋ ਕੇ ਵੀ*
*'ਸਹਿਮਤ' ਹੋ ਤੁਰਦਾ ਹਾਂ*
*ਤਾਂ*
*ਹਰ ਵਾਰ*
*ਕਦੇ*
*ਮੇਰੇ ਅੰਦਰ ਦਾ*
*ਭਗਤ ਸਿੰਘ ਮਰ ਰਿਹਾ ਹੁੰਦਾ ਹੈ*
*ਅਤੇ ਕਦੇ*
*ਕੋਈ-ਕਰਤਾਰ ਸਿੰਘ ਸਰਾਭਾ।* [2]



ਸਹਿਮਤੀ ਦਾ ਸਹੀ ਅਰਥਾਂ ਵਿੱਚ ਪ੍ਰਗਟਾਵਾ ਕਰਨ ਲਈ ਕਈ ਥਾਵਾਂ ਤੇ ਅਸਹਿਮਤ ਹੋਣਾ ਬਹੁਤ ਜ਼ਰੂਰੀ ਹੈ। ਵਿਸ਼ਵ ਪ੍ਰਸਿੱਧ ਯੂਨਾਨੀ ਦਾਰਸ਼ਨਿਕ ਸੁਕਰਾਤ, ਪਲੈਟੋ ਅੱਜ ਵੀ ਜੇਕਰ ਯਾਦ ਕੀਤੇ ਜਾਂਦੇ ਹਨ ਤਾਂ ਆਪਣੀ ਅਸਹਿਮਤੀ ਦੀ ਸੁਰ ਕਾਰਨ। 'ਸਹਿਮਤੀ' ਕਬਰਾਂ ਵਿਚ ਦਫ਼ਨ ਹੋ ਕੇ ਰਹਿ ਜਾਂਦੀ ਹੈ ਅਤੇ ਅਸਹਿਮਤੀ ਦੀ ਆਵਾਜ ਦਬਾਈ ਜਾਣ ਦੇ ਬਾਵਜੂਦ ਵੀ ਸਦੀਆਂ ਤੱਕ ਗੂੰਜਦੀ ਰਹਿੰਦੀ ਹੈ। ਡਾ. ਰਮੇਸ਼ ਕੁਮਾਰ ਦੁਆਰਾ ਚੁਣਿਆ ਗਿਆ ਸਿਰਲੇਖ 'ਅਸਹਿਮਤ' ਆਪਣੇ ਆਪ ਵਿਚ ਬਹੁਤ ਵੱਡੇ ਅਰਥ ਛੁਪਾਈ ਬੈਠਾ ਹੈ। ਪੱਥਰ-ਯੁੱਗ ਤੋਂ ਅੱਜ ਦਾ ਟੈਕਨੋਲੋਜੀ-ਯੁੱਗ ਨਾ ਆਉਂਦਾ ਜੇਕਰ ਮਨੁੱਖ ਆਪਣੇ-ਆਪ ਅਤੇ ਆਪਣੇ ਚੌਗਿਰਦੇ ਨਾਲ਼ ਅਸਹਿਮਤੀ ਨਾ ਜਤਾਉਂਦਾ। ਕਿਸੇ ਦੀ ਹਾਂ ਵਿਚ ਹਾਂ ਮਿਲਾਉਣਾ ਕੋਈ ਸੂਰਵੀਰਤਾ ਨਹੀਂ। ਕਿਸੇ 'ਬਾਬਰ' ਨੂੰ 'ਜਾਬਰ' ਕਹਿ ਕੇ ਅਸਹਿਮਤੀ ਦੀ ਮੋਹਰ ਲਗਾ ਦੇਣਾ ਹੀ ਸੂਰਵੀਰਤਾ ਹੈ। ਬਾਬਾ ਨਾਨਕ 'ਬਾਬਾ' ਨਾ ਹੁੰਦਾ ਜੇ ਉਹ ਆਪਣੇ ਸਮੇਂ ਦੇ ਧਾਰਮਿਕ ਆਗੂਆਂ ਨਾਲ, ਸਮਾਜਿਕ ਢਾਂਚੇ ਨਾਲ, ਰਾਜਸੀ ਆਗੂਆਂ ਨੂੰ 'ਅਸਹਿਮਤੀ' ਦੀ ਸੁਰ ਨਾਲ਼ ਨਾ ਵੰਗਾਰਦਾ। ਬਾਬੇ ਨਾਨਕ ਦੀ 'ਅਸਹਿਮਤੀ' ਵਿਚ ਦ੍ਰਿੜਤਾ, ਤਰਕ, ਗਿਆਨ, ਨਿਰਭਉ ਅਤੇ ਨਿਰਵੈਰ ਠਾਠਾਂ ਮਾਰਦਾ ਹੈ। ਵਿਸ਼ਵ-ਪੱਧਰ ਤੇ ਜੋ ਵੀ ਇਤਿਹਾਸ ਸਿਰਜੇ ਗਏ, ਕੁਰਬਾਨੀਆਂ ਦਿੱਤੀਆਂ ਗਈਆਂ ਉਹਨਾਂ ਦੇ ਪਿੱਛੇ 'ਅਸਹਿਮਤੀ' ਦਾ ਪ੍ਰਵਚਨ ਹੀ ਚੱਟਾਨ ਬਣ ਕੇ ਖੜ੍ਹਾ ਹੋਇਆ। ਪੰਜਾਬ ਦਾ-ਪੰਜਾਬੀਆਂ ਦਾ ਗੌਰਵਮਈ ਇਤਿਹਾਸ, ਭਾਰਤ ਦੀ ਆਜ਼ਾਦੀ ਦਾ ਇਤਿਹਾਸ 'ਸਹਿਮਤੀ' ਬਦਲੇ ਸਿਰਜਿਆ ਗਿਆ ਇਤਿਹਾਸ ਨਹੀਂ ਹੈ। ਇਸ ਤਰ੍ਹਾਂ ਡਾ. ਰਮੇਸ਼ ਕੁਮਾਰ ਦੁਆਰਾ ਚੁਣਿਆ ਗਿਆ ਕਾਵਿ-ਸੰਗ੍ਰਹਿ ਦਾ ਇਹ ਸਿਰਲੇਖ 'ਅਸਹਿਮਤ' ਚਿਰਸਥਾਈ, ਸਾਰਥਕ ਅਤੇ ਵਕਤੀ ਅਰਥਾਂ ਤੋਂ ਬਹੁਤ ਪਰੇ ਹੈ। ਉਪਰੋਕਤ ਪ੍ਰਸੰਗ ਦੇ ਸੰਦਰਭ ਵਿੱਚ ਡਾ. ਰਮੇਸ਼ ਦੀ ਵਿਚਾਰਧਾਰਾ ਇਸ ਤਰ੍ਹਾਂ ਪੇਸ਼ ਹੋਈ ਹੈ:

*ਪਹਿਲਾਂ ਤਾਂ*
*ਲੋਕ*
*ਸਿਰ*
*ਛੰਡਿਆ ਵੀ ਕਰਦੇ ਸਨ*
*ਸਿਰ*
*ਉਠਾਇਆ ਵੀ ਕਰਦੇ ਸਨ*
*ਅਤੇ*
*ਸਿਰ*



Scanned with OKEN Scanner

-ਕਟਵਾਇਆ ਵੀ ਕਰਦੇ ਸਨ
ਪਰ
ਹੁਣ ਤਾਂ ਲੋਕ
ਸਿਰਫ਼
ਸਿਰ ਹਿਲਾਉਂਦੇ ਹੀ ਹਨ
ਹਾਂ ਹਾਂ
ਹਾਂ ਹਾਂ ਕਰਦੇ।[3]

ਡਾ. ਰਮੇਸ਼ ਆਪਣੀ ਕਵਿਤਾ ਨੂੰ ਕਿਸੇ ਖਾਸ ਵਿਚਾਰਧਾਰਾ ਨਾਲ਼ ਜੋੜ ਕੇ ਪੇਸ਼ ਨਹੀਂ ਕਰਦਾ ਸਗੋਂ ਬੜੇ ਹੀ ਸਹਿਜਸ਼ੀਲ ਅਤੇ ਸੁਭਾਵਿਕ ਢੰਗ ਨਾਲ਼ ਮਾਨਵਵਾਦੀ ਰੁਚੀਆਂ ਨੂੰ ਮੌਲਿਕ ਰੂਪ ਵਿਚ ਅਜੋਕੇ ਪ੍ਰਸੰਗ ਵਿਚ ਪੇਸ਼ ਕਰਦਾ ਹੈ ਅਤੇ ਲਿਖਦਾ ਹੈ:

ਪੀਜ਼ੇ-ਪਾਸਤੇ
ਅਤੇ
ਬਰਗਰ ਖਾਂਦੀ ਇਹ ਪ੍ਰਸ਼ਨ-ਹੀਣ ਕੌਮ
ਸਿਰਫ਼
ਸੈਲਫੀਆਂ ਖਿੱਚ ਕੇ ਸੌਂ ਜਾਵੇਗੀ
ਕਿਸੇ
ਫੇਸ-ਬੁੱਕ ਦੇ ਸਰ੍ਹਾਣੇ 'ਤੇ
ਸਿਰ ਰੱਖ।[4]

ਅੱਜ ਦੀ ਨੌਜਵਾਨ ਪੀੜ੍ਹੀ ਆਪਣੇ ਫਰਜਾਂ ਤੋਂ ਮੁਨਕਰ ਹੋ ਕੇ ਅਤੇ ਆਪਣੇ ਹੱਕਾਂ ਤੋਂ ਬੇਪਛਾਣੇ ਰਹਿ ਕੇ ਟੈਕਨੋਲੋਜੀ ਦੇ ਤਾਣੇ-ਬਾਣੇ ਵਿੱਚ ਹੀ ਫੱਸ ਕੇ ਰਹਿ ਗਈ ਹੈ। ਇਸ ਤਰ੍ਹਾਂ ਬਹੁਤ ਕਠੋਰ ਹਕੀਕਤਾਂ ਨੂੰ ਬਿਆਨ ਕਰਦੀ ਡਾ. ਰਮੇਸ਼ ਦੀ ਕਵਿਤਾ ਦਾ ਸਮੱਚਾ ਸੁਭਾਅ ਵਿਅੰਗਮਈ ਹੈ। ਡਾ. ਰਮੇਸ਼ ਦੀ ਹੱਥਲੀ ਕਾਵਿ-ਪੁਸਤਕ ਵਿਚ 'ਅਸਹਿਮਤੀ' ਦਾ ਬਿੰਬ ਪਸਰਿਆ ਹੋਇਆ ਹੈ। ਪੁਸਤਕ ਦੇ ਆਰੰਭ ਵਿਚਲੀਆਂ 3 ਕਵਿਤਾਵਾਂ 'ਅਸਹਿਮਤੀ' ਅਤੇ ਹੋਰ ਕਵਿਤਾਵਾਂ 'ਅਸਹਿਮਤੀ' ਦੇ ਚਿਹਨਕ ਦੇ ਕੰਮ ਕਰ ਰਹੀਆਂ ਹਨ। ਸੱਤਾ ਦੇ ਹੰਕਾਰ ਵਿਚ ਗ੍ਰਸਤ ਲੋਕਾਂ ਉਤੇ ਵਿਅੰਗ ਕਰਦੀਆਂ ਉਹਨਾਂ ਦੀਆਂ ਕਵਿਤਾਵਾਂ 'ਲਿਸ਼ਕੋਰ' ਅਤੇ 'ਭਾਸ਼ਣ' ਦਾ ਤਾਣਾ-ਬਾਣਾ ਵੇਖਿਆ ਜਾ ਸਕਦਾ ਹੈ। 'ਭਾਸ਼ਣ' ਕਵਿਤਾ ਰਾਜਨੀਤਿਕ ਚਾਟੂਕਾਰੀਆਂ ਦੀ ਕਵਿਤਾ ਹੈ। ਇਸਦੇ ਨਾਲ਼ ਹੀ 'ਬਿਨ ਬੋਕੀ ਦਾ ਨਲਕਾ' ਵੀ



ਇਸੇ ਪ੍ਰਸੰਗ ਨੂੰ ਨਾਲ਼ ਲੈ ਕੇ ਤੁਰਦੀ ਹੈ। ਰਾਜਨੇਤਾਵਾਂ ਦੇ ਤਲਵੇ-ਚੱਟਣ ਵਾਲੇ 'ਵਾਹੋ-ਵਾਹੀ' ਦਾ ਰਾਗ ਅਲਾਪਣ ਵਾਲੇ ਕਿਸ ਤਰ੍ਹਾਂ ਸਮਾਜ ਦੀ ਤਰੱਕੀ ਵਿੱਚ ਸਹਾਈ ਹੋ ਸਕਦੇ ਹਨ? ਇਹ ਪ੍ਰਸ਼ਨ ਖੜ੍ਹਾ ਕਰਦਾ ਹੋਇਆ ਕਵੀ ਵੇਦਨਾ ਪ੍ਰਗਟ ਕਰਦਾ ਹੈ ਕਿ ਇਸ ਸਥਿਤੀ ਵਿੱਚ ਰਾਜ-ਸੱਤਾ ਤੇ ਕਾਬਜ ਧਿਰ ਦੀਆਂ ਚਾਲਾਂ ਤੋਂ ਅਣਜਾਣ ਜਨਤਾ ਤਾੜੀਆਂ ਮਾਰ ਰਹੀ ਹੈ। 'ਬਿਨ ਬੋਕੀ ਦਾ ਨਲਕਾ' ਵਿਚ ਇਸ ਸੰਬੰਧੀ ਵਿਚਾਰ ਪੇਸ਼ ਹੋਏ ਹਨ:

ਭੀੜ ਨੂੰ
ਪਤਾ ਸੀ
ਨੇਤਾ ਜੀ
ਕਦ ਕਦ-ਕੀ ਕੀ ਕਹਿਣਗੇ
ਹੱਥਾਂ ਨੂੰ
ਪਤਾ ਸੀ
ਕਿ ਉਹ
ਕਦ ਕਦ
ਤਾੜੀਆਂ ਹੋ ਕੇ
ਵੱਜਣ ਲੱਗਣਗੇ।[5]

ਅੱਜ ਦੇ ਭੀੜਤੰਤਰ ਵਿਚ ਮਨੁੱਖ ਸਥਾਪਤੀ ਨਾਲ਼ ਅਸਹਿਮਤੀ ਜਤਾਉਣ ਦੀ ਥਾਂ ਉਸ ਨਾਲ਼ ਇਕ ਸੁਰ ਹੋ ਜਾਂਦਾ ਹੈ ਅਤੇ ਉਸਦੇ ਅਧੀਨ ਹੋ ਕੇ ਵਿਚਰਨ ਨੂੰ ਹੀ ਬਿਹਤਰ ਜੀਵਨ-ਜਾਂਚ ਵਜੋਂ ਸਵੀਕਾਰ ਕਰ ਲੈਂਦਾ ਹੈ। ਅਸਹਿਮਤੀ ਦੀ ਸੁਰ ਤੋਂ ਫਾਂਸਲਾ ਬਣਾ ਕੇ ਰੱਖਣ ਕਾਰਨ ਅੱਜ ਦੇ ਮਨੁੱਖ ਦੀ ਸ਼ਖ਼ਸੀਅਤ ਸੁੰਗੜ ਕੇ ਰਹਿ ਜਾਂਦੀ ਹੈ। ਡਾ. ਰਮੇਸ਼ ਕੁਮਾਰ ਦੀ ਆਪਣੀ ਗੱਲ ਨੂੰ ਰੱਖਣ ਦੀ ਵਿਧੀ ਕਾਬਿਲੇ ਤਾਰੀਫ਼ ਹੈ ਅਤੇ ਸਿੱਖਿਆਤਮਕ ਹੈ ਕਿਉਂਕਿ ਉਹਨਾਂ ਦਾ ਵਿਚਾਰ ਨਾਲ਼-ਨਾਲ਼ ਆਲੋਚਕ ਨੂੰ ਰਾਹ ਦਿਖਾ ਰਿਹਾ ਹੈ। ਬਹੁਤ ਹੀ ਸੁੱਲਝੀ ਹੋਈ ਸ਼ਬਦਾਵਲੀ ਨਾਲ਼ ਵਿਅੰਗਮਈ ਸੁਰ ਜੋੜਨਾ ਡਾ. ਰਮੇਸ਼ ਕੁਮਾਰ ਦੀ ਖਾਸੀਅਤ ਹੈ। ਅਜੋਕੇ ਸਮੇਂ ਦੇ ਖ਼ੋਖਲੇ ਰਾਜਨੀਤਕ ਤੰਤ੍ਰ ਤੇ ਵਿਅੰਗ ਕਰਦੀ ਉਹਨਾਂ ਦੀ ਕਵਿਤਾ 'ਬਿਨ ਬੋਕੀ ਦਾ ਨਲਕਾ' ਆਪਣੇ ਆਪ ਵਿਚ ਇਕ ਮਿਸਾਲ ਹੈ:

ਸ਼ਬਦ
ਕਿਰਦੇ ਰਹੇ
ਮਾਈਕ 'ਗਿੜਦਾ' ਰਿਹਾ



Scanned with OKEN Scanner

*ਬਿਨ ਬੋਕੀ ਦਾ ਨਲਕਾ*
*ਬਸ*
*ਗਿੜਦਾ ਰਿਹਾ-ਗਿੜਦਾ ਰਿਹਾ*
*ਬਿਨ ਬੋਕੀ ਦਾ ਇਹ ਨਲਕਾ*
*ਕਦ ਤੱਕ ਗਿੜਦਾ ਰਹੇਗਾ*
*ਅਤੇ*
*ਜਨਤਾ*
*'ਹੱਥਾਂ ਨਾਲ਼ ਹੱਥ ਮਲਦੀ'*
*ਹਵਾ ਵਿੱਚ - ਹਵਾ ਨਾਲ*
*ਹੱਥ ਧੋਣ ਦਾ ਕਰਮ*
*ਕਦ ਤੱਕ ਜਰਦੀ ਰਹੇਗੀ ?*[6]

ਰਾਜਨੀਤਕ ਲੋਕਾਂ ਦੁਆਰਾ ਕੀਤੇ ਜਾਣ ਵਾਲੇ ਖੋਖਲੇ ਵਾਅਦਿਆਂ ਨੂੰ 'ਬਿਨ ਬੋਕੀ ਦਾ ਨਲਕਾ' ਰਾਹੀਂ ਬਾਖੂਬੀ ਪੇਸ਼ ਕੀਤਾ ਹੈ ਜਿਵੇਂ ਬੋਕੀ ਤੋਂ ਬਿਨਾਂ ਨਲਕਾ ਪਾਣੀ ਨਹੀਂ ਦਿੰਦਾ ਉਸੇ ਤਰ੍ਹਾਂ ਅੱਜ-ਕਲ ਦੇ ਨੇਤਾ ਪਤਾ ਨਹੀਂ ਕਦੋਂ ਤੱਕ ਆਮ ਜਨਤਾ ਦਾ ਮਖੌਲ ਬਣਾਈ ਜਾਣਗੇ। ਇਸ ਤਰ੍ਹਾਂ ਡਾ. ਰਮੇਸ਼ ਨੇ ਬੜੇ ਸਾਦਗੀ ਭਰਪੂਰ ਲਹਿਜੇ ਵਿਚ ਅੱਜ ਦੇ ਭ੍ਰਸ਼ਟ ਸਿਸਟਮ ਦੇ ਵਰਤਾਰੇ ਦੀ ਨਿਸ਼ਾਨਦੇਹੀ ਕੀਤੀ ਹੈ।

ਸੂਖਮ ਬਾਗੀਆਨਾ ਸੁਰ ਦੀ ਇਹ ਸ਼ਾਇਰੀ ਮਨੁੱਖ ਨੂੰ ਸਹਿਮਤੀ ਦੇ ਹਾਸ਼ੀਏ ਤੋਂ ਮੁਕਤ ਕਰਵਾ ਕੇ ਅਸਹਿਮਤੀ ਦਾ ਵਿਸ਼ਾਲ ਸਪੇਸ ਮੁਹੱਈਆ ਕਰਵਾਉਣ ਲਈ ਯਤਨਸ਼ੀਲ ਹੈ। ਅਸਹਿਮਤੀ ਦੇ ਪ੍ਰਵਚਨ ਨੂੰ ਕਵੀ ਨੇ ਸਰਲ, ਸੂਖਮ ਅਤੇ ਡੂੰਘੇ ਭਾਵਾਂ ਰਾਹੀਂ ਅਭਿਵਿਅਕਤ ਕਰਕੇ ਆਪਣੇ ਪਾਠਕਾਂ ਨੂੰ ਅਸਹਿਮਤੀ ਦੀ ਸਹਿਮਤੀ ਲਈ ਹਲੂਣਾ ਦਿੱਤਾ ਹੈ। ਇਸ ਤਰ੍ਹਾਂ ਅਸਹਿਮਤ ਸ਼ਬਦ ਰਮੇਸ਼ ਕੁਮਾਰ ਦੀ ਕਾਵਿ-ਭਾਸ਼ਾ ਵਿਚ ਸ਼ਬਦ ਨਹੀਂ ਸਗੋਂ ਸਮਾਜਿਕ ਅਤੇ ਰਾਜਨੀਤਕ ਸਰੋਕਾਰਾਂ ਨਾਲ਼ ਜੁੜਿਆ ਭਖਦਾ ਵਲਵਲਾ ਹੈ ਜਿਸਦੀ ਦ੍ਵੰਦਾਤਮਕ ਸਥਿਤੀ ਨੂੰ ਡੂੰਘੇ ਅਰਥਾਂ ਵਿਚ ਸਿਰਜਿਆ ਗਿਆ ਹੈ।

ਅਜਿਹੇ ਸੱਚ ਦਾ ਬੋਧ ਕਰਾਉਣ ਵਿਚ ਵੀ ਕਵੀ ਰਮੇਸ਼ ਕੁਮਾਰ ਸਫਲ ਰਿਹਾ ਹੈ ਜਿਸ ਵਿਚ ਸਮੇਂ-ਸਮੇਂ ਸਾਡੇ ਭਾਈਚਾਰੇ ਦਾ ਘਾਣ ਹੁੰਦਾ ਰਿਹਾ। ਧਰਮ ਅਤੇ ਰਾਜਨੀਤੀ ਦੇ ਨਾਂ ਤੇ ਫੈਲਾਈ ਜਾਣ ਵਾਲੀ ਨਫ਼ਰਤ ਨਾਲ਼ ਜਿੱਥੇ ਰਾਜਨੀਤਿਕ ਲੋਕਾਂ ਦੇ ਮਤਲਬ ਸਿੱਧ ਹੁੰਦੇ ਹਨ ਉੱਥੇ ਇਸ ਫਿਕਰਾਪ੍ਰਸਤੀ ਕਾਰਨ ਪਿੱਛਲੇ ਸੌ ਸਾਲਾਂ ਵਿਚ ਕਈ ਵਾਰ ਸਾਡੇ ਮੁਲਕ ਦੇ ਸ਼ਹਿਰ ਦੇ ਸ਼ਹਿਰ ਸਮਸ਼ਾਨ ਬਣੇ ਹਨ ਅਤੇ



ਮਾਨਵਤਾ ਨੂੰ ਬੁਰੀ ਤਰ੍ਹਾਂ ਜਲੀਲ ਕੀਤਾ ਜਾਂਦਾ ਰਿਹਾ ਹੈ। ਆਪਣੀ ਕਵਿਤਾ ਭੀੜ-ਤੰਤਰ ਵਿਚ ਡਾ. ਰਮੇਸ਼ ਕੁਮਾਰ ਅਜਿਹਾ ਹੀ ਦਰਦਨਾਕ ਦ੍ਰਿਸ਼ ਖਿੱਚਦਾ ਹੈ:

*ਬਹੁਤ ਸਾਰੀਆਂ*
*ਚੱਪਲਾਂ-ਜੁੱਤੀਆਂ*
*ਅਤੇ*
*ਬੂਟ ਹਨ*
*ਅਣਪਛਾਤੀਆਂ-ਅਧ ਜਲੀਆਂ*
*ਕੁਝ ਲਾਸ਼ਾ ਹਨ*
*ਜਲ ਰਹੇ ਟਾਇਰ*
*ਟੁੱਟੀਆਂ ਹੋਈਆਂ ਕਾਰਾਂ-ਲਾਰੀਆਂ*
*ਅਤੇ*
*ਬਹੁਤ ਸਾਰਾ*
*ਦੂਰ-ਦੂਰ ਤੱਕ ਖਿਲਰਿਆ ਹੋਇਆ ਕੱਚ ਹੈ*
*ਹਾਂ*
*ਸ਼ਹਿਰ ਮੇਰੇ ਦੀ ਸੜਕ ਉੱਪਰ*
*ਖਿਲਰਿਆ ਹੋਇਆ ਇਹ ਸੱਚ ਹੈ।*[7]

ਭੀੜ-ਤੰਤਰ ਕਵਿਤਾ ਦੇ ਆਰੰਭ ਵਿਚ ਡਾ. ਰਮੇਸ਼ ਕੁਮਾਰ ਨੇ ਜਿੱਥੇ ਸਵੱਛ-ਸਵਦੇਸ਼ੀ ਜਹਿਰ ਕਾਰਨ ਹੋ ਰਹੇ ਸੰਪ੍ਰਦਾਇਕ ਦੰਗਿਆਂ ਦੀ ਗੱਲ ਕੀਤੀ ਉਥੇ ਹੀ ਇਸ ਕਵਿਤਾ ਦੇ ਅੰਤ ਵਿਚ ਕਵੀ ਨੂੰ ਆਸ਼ਾਵਾਦੀ ਹੁੰਦਿਆ ਵੀ ਵੇਖਿਆ ਜਾ ਸਕਦਾ ਹੈ:

*-ਸਿਵਿਆਂ ਦੀ ਰਾਖ ਵਾਂਗ*
*ਸਭ*
*ਆਪਣੇ ਆਪ ਠਰ ਜਾਵੇਗਾ*
*ਸ਼ਹਿਰ ਮੇਰਾ*
*ਇਹ ਸਭ*
*ਆਪਣੇ ਆਪ ਜਰ ਜਾਵੇਗਾ।*[8]

'ਭੀੜ ਤੰਤਰ' ਤੋਂ ਛੁੱਟ 'ਨਫ਼ਰਤੀ', 'ਮੋਤੀਆ-ਬਿੰਦ' 'ਬੇਸੁਰੇ' ਆਦਿ ਕਵਿਤਾਵਾਂ ਵੀ ਹਾਕਮ ਜਮਾਤ ਵਲੋਂ ਆਮ ਲੋਕਾਂ ਦੀ ਆਵਾਜ਼ ਨੂੰ ਕੁਚਲਣ ਅਤੇ ਫਤਵੇ ਫੁਰਮਾਨ ਜਾਰੀ ਕਰਨ, ਸਮੇਂ-ਸਮੇਂ ਕੁਰਸੀ ਦੇ ਲਾਲਚ ਕਾਰਨ ਆਪਣੇ ਸੁਰ



Scanned with OKEN Scanner

ਬਦਲਣ ਅਤੇ ਕੁਦਰਤ ਦੇ ਵਰਤਾਰਿਆਂ ਨੂੰ ਵੀ ਧਰਮ ਦੇ ਨਾਂ ਤੇ ਵੰਡ ਦੇਣ ਨਾਲ਼ ਸੰਬੰਧਤ ਹਨ। 'ਮੋਤੀਆਂ ਬਿੰਦ' ਅਤੇ 'ਬੱਕ-ਬੱਕ' ਕਵਿਤਾ ਵਿਚ ਬੜੇ ਹੀ ਗੰਭੀਰਤਾ ਪੂਰਨ ਸੰਵਾਦ ਨੂੰ ਵਿਅੰਗ ਭਰਪੂਰ ਸ਼ਬਦੀ ਜਾਮਾ ਪਹਿਨਾ ਕੇ ਰਾਜਨੀਤਿਕ ਚਾਟੂਕਾਰ ਲੋਕਾਂ ਅਤੇ ਮੀਡੀਆਂ ਦੀ ਕਰਨੀ ਤੇ ਕਥਨੀ ਨੂੰ ਬਿਆਨ ਕੀਤਾ ਗਿਆ ਹੈ। 'ਬਕ-ਬਕ' ਕਵਿਤਾ ਵਿਚ ਆਪਣੀ ਸੰਬੋਧਨੀ ਸ਼ੈਲੀ ਰਾਹੀਂ ਕਵੀ ਨੇ ਅੱਜ ਦੇ ਪੱਖਪਾਤੀ ਮੀਡੀਆ ਨੂੰ ਭੰਡਦੇ ਹੋਏ ਲਿਖਿਆ ਹੈ:

*ਆਓ*
*ਕਿ*
*ਕਿਸੇ*
*ਪੁਰਾਤਨ ਕਿਲ੍ਹੇ ਦੀ ਦੀਵਾਰ ਨਾਲ*
*ਦੋ ਘੜੀ*
*-ਬੈਠ ਕੇ ਜੁਗਾਲੀ ਕਰੀਏ*
*ਕਿ*
*ਬਹੁਤ ਦੇਰ ਹੋਈ ਹੈ*
*ਇਸ ਟੀ.ਵੀ. ਨੂੰ*
*ਬਕ ਬਕ-ਬਕ ਬਕ ਕਰਦਿਆਂ।* [9]

ਡਾ. ਰਮੇਸ਼ ਕਿਸੇ ਪਰੰਪਰਕ ਭੀੜ ਵਿਚ ਗੁਆਚ ਕੇ ਕਾਵਿ-ਸਿਰਜਣਾ ਨਹੀਂ ਕਰਦਾ ਸਗੋਂ ਸਮੇਂ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ ਹਰ ਉਸ ਵਿਸ਼ੇ ਨੂੰ ਆਪਣੀ ਕਵਿਤਾ ਰਾਹੀਂ ਆਵਾਜ ਦਿੰਦਾ ਹੈ ਜੋ ਸਮਾਜਿਕ ਵਿਸ਼ਿਆਂ ਦੀ ਆੜ ਵਿੱਚ ਅਣਪਛਾਤੇ ਹੀ ਰਹਿ ਜਾਂਦੇ ਹਨ। 'ਨਿਰਜਲ' 'ਤਾਲਾਬ', 'ਔੜ' ਆਦਿ ਕਵਿਤਾਵਾਂ ਰਾਹੀਂ ਦੂਸ਼ਿਤ ਹੋ ਰਹੇ ਕੁਦਰਤੀ ਸਾਧਨਾਂ ਲਈ ਆਵਾਜ ਬੁਲੰਦ ਕੀਤੀ ਹੈ ਅਤੇ ਪਾਣੀ-ਪੁੱਤਰ ਮਹਾਨ ਅਨੁਪਮ ਮਿਸ਼ਰਾ ਨੂੰ ਯਾਦ ਕੀਤਾ ਹੈ। ਆਪਣੀ ਆਉਣ ਵਾਲੀਆਂ ਪੀੜ੍ਹੀਆਂ ਲਈ ਚਿੰਤਾ ਵਿਅਕਤ ਕੀਤੀ ਹੈ ਕਿ ਅਸੀਂ ਉਹਨਾਂ ਲਈ ਗੰਗਾ (ਪਵਿੱਤਰ-ਜਲ) ਦੇ ਨਾਂ ਤੇ ਕੀ ਛੱਡ ਕੇ ਜਾਵਾਂਗੇ:

*ਆਉਂਦੇ*
*ਬੱਚਿਆਂ ਦੇ ਬੱਚੇ*
*ਜੇ ਕਦੇ*
*ਗੰਗਾ ਦੀ*
*ਗੰਗਾ-ਜਲ ਦੀ*



*ਬਾਤ ਕਰਨਗੇ*
*-ਤਾਂ ਕੀ ਕਹਾਂਗੇ?* [10]

ਡਾ. ਰਮੇਸ਼ ਕੁਮਾਰ ਦੀ ਇਹ ਪ੍ਰਾਪਤੀ ਹੈ ਕਿ ਉਸ ਦੀਆਂ ਕਵਿਤਾਵਾਂ ਦੇ ਵਿਸ਼ੇ ਚਿਰਸਥਾਈ, ਸਾਰਥਕ ਅਤੇ ਵਕਤੀ ਅਰਥਾਂ ਤੋਂ ਪਰੇ ਹਨ। ਆਰਥਿਕ ਨਾ ਬਰਾਬਰੀ ਕਾਰਨ 'ਭੁੱਖ' ਵਰਗੀ ਵਿਕਰਾਲ ਸਮੱਸਿਆਂ ਕਦੇ ਵੀ ਖ਼ਤਮ ਨਹੀਂ ਹੋਈ। ਬੜੇ ਹੀ ਦਿਲ-ਟੁੰਬਵੇ ਸ਼ਬਦਾਂ ਰਾਹੀਂ ਡਾ. ਰਮੇਸ਼ ਨੇ ਇਸ ਵਿਸ਼ੇ ਨੂੰ ਕੇਂਦਰ ਬਿੰਦੂ ਮੰਨ ਕੇ ਲਿਖਿਆ ਹੈ:

*ਭੁੱਖ ਨੂੰ*
*ਕਦ ਪਤਾ ਹੁੰਦਾ ਹੈ*
*ਧੁੱਪ ਦਾ*
*ਧਰਮ ਦਾ*
*ਸੱਚ ਦਾ*
*ਸੁੱਚ ਦਾ*
*ਜੂਠ ਦਾ*
*ਜਾਂ ਝੂਠ ਦਾ*
*ਭੁੱਖ ਤਾਂ*
*ਸਿਰਫ਼*
*ਅੰਨ ਹੀ ਮਿਟਾਉਂਦਾ ਹੈ*
*ਪਰ*
*ਅੰਨ*
*ਕੌਣ ਉਗਾਉਂਦਾ ਹੈ*
*ਭੁੱਖਾਂ ਵਿਚਾਰੀਆਂ ਨੂੰ*
*ਕਦ ਪਤਾ ਹੁੰਦਾ ਹੈ?* [11]

ਜਿੱਥੇ ਵਿਸ਼ੇ ਪੱਖੋਂ ਡਾ. ਰਮੇਸ਼ ਕੁਮਾਰ ਦੀ ਕਵਿਤਾ ਲਾਜਵਾਬ ਹੈ ਉੱਥੇ ਰੂਪਕ-ਪੱਖ ਦਾ ਵੀ ਕੋਈ ਜਵਾਬ ਨਹੀਂ। ਛੋਟੇ-ਛੋਟੇ ਸ਼ਬਦ, ਛੋਟੇ-ਛੋਟੇ ਵਾਕ, ਛੋਟੀ ਜਿਹੀ ਰਚਨਾ ਅਤੇ ਸ਼ਬਦਾਂ ਵਿਚ ਛੁੱਪੀ ਹੋਈ ਕੋੜੀ ਸੱਚਾਈ ਜਿਸ ਨੂੰ ਸਮਝਣ ਤੇ ਬਿਆਨ ਕਰਨ ਲਈ ਕੋਈ ਸੰਵੇਦਨਸ਼ੀਲ ਹਿਰਦਾ ਹੀ ਚਾਹੀਦਾ ਹੈ ਜਿਵੇਂ ਜੂਠ, ਝੂਠ, ਸੱਚ, ਸੁੱਚ ਆਦਿ।

ਅਸਹਿਮਤ ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਦੀ ਇਹ ਖ਼ੂਬੀ ਹੈ ਕਿ



Scanned with OKEN Scanner

ਅਜੋਕੇ ਯੁਵਾ-ਵਰਗ ਦੇ ਪਰਦੇਸਾਂ ਵੱਲ ਰੁੱਝਾਨ ਦੇ ਯਥਾਰਥ ਨੂੰ ਵੀ ਬਾਖ਼ੂਬੀ ਬਿਆਨ ਕੀਤਾ ਹੈ। ਇਸ ਪੱਖ ਤੋਂ ਡਾ. ਰਮੇਸ਼ ਦੀ 'ਪੁੱਤ-ਪਰਦੇਸੀ' ਕਵਿਤਾ ਵੇਖੀ ਜਾ ਸਕਦੀ ਹੈ। ਆਪਣੇ ਪਰਿਵਾਰ, ਆਪਣੇ ਘਰ ਤੋਂ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਦੂਰ ਚਲੇ ਗਏ ਨੌਜਵਾਨਾਂ ਦੀਆਂ ਸੰਵੇਦਨਾਵਾਂ ਨੂੰ ਸ਼ਬਦਾਂ ਵਿਚ ਬੁਣਨਾ ਮਾਂ ਦੇ, ਦਾਦੀ ਦੇ ਦਰਦ ਨੂੰ ਸਿਰਜ ਦੇਣਾ ਡਾ. ਰਮੇਸ਼ ਕੁਮਾਰ ਦੀ ਹੀ ਮੁੱਲਵਾਨ ਪ੍ਰਾਪਤੀ ਹੈ:

*ਪੰਛੀ*
*ਹਰ ਵਾਰ*
*ਦੂਰ ਨਿਕਲ ਜਾਂਦੇ*
*ਧਰਤੀਆਂ-ਆਕਾਸ਼ ਗਾਹੁੰਦੇ*
*ਨਦੀ*
*ਮਾਨੋ ਇੰਤਜ਼ਾਰ ਕਰਦੀ*
*ਪਲ ਪਲ*
*ਛਾਵਿਆਂ-ਪ੍ਰਛਾਵਿਆਂ ਦੀਆਂ*
*ਬਿੜਕਾਂ ਲੈਂਦੀ*
*-ਕਿਸੇ ਫ਼ਿਕਰਾਂ ਮੱਤੀ ਮਾਂ ਜਹੀ।* [12]

ਆਧੁਨਿਕ ਸਮੇਂ ਵਿਚ ਸਭਿਅਤਾ ਅਤੇ ਸੰਸਕ੍ਰਿਤੀ ਦਾ ਘਾਣ ਹੋਣ ਨਾਲ਼ ਮਾਨਵੀ ਕਦਰਾਂ-ਕੀਮਤਾਂ ਦੀ ਸਰਦ ਹੁੰਦੀ ਸਭਿਅਤਾ ਨੂੰ ਵੀ ਡਾ. ਰਮੇਸ਼ ਕੁਮਾਰ ਨੇ ਚਿੰਤਨ ਦਾ ਵਿਸ਼ਾ ਬਣਾਇਆ। ਟੈਕਨੋਲੋਜੀ ਦੇ ਸਮੇਂ ਵਿਚ ਰਿਸ਼ਤੇ ਸਿਰਫ਼ ਫੇਸਬੁੱਕ,ਵਟਸਐਪ ਅਤੇ ਟਵੀਟਰ ਤੱਕ ਸਿਮਟ ਕੇ ਰਹਿ ਗਏ ਹਨ। ਭਲੇ ਸਮਿਆਂ ਅਤੇ ਅੱਜ ਦੇ ਸਮਿਆਂ ਦੀ ਤੁਲਨਾਤਮਿਕ ਦ੍ਰਿਸ਼ਟੀ ਨਾਲ਼ ਅੱਗੇ ਵੱਧਦੀ ਡਾ. ਰਮੇਸ਼ ਕੁਮਾਰ ਦੀ ਕਵਿਤਾ 'ਅਰਥ-ਆਕਾਰ' 'ਉਹ ਦਿਨ ਹੋਰ ਹੁੰਦੇ ਸਨ' ਦੇ ਸਿੱਟੇ ਤੇ ਪਹੁੰਚਦੀ ਹੈ:

*ਹੁਣ ਤਾਂ*
*ਬਸ*
*ਫੇਸ ਬੁੱਕ ਦਾ ਫੇਸ ਹੈ*
*ਟਵਿੱਟਰ ਹੈ- ਟਿਊਬ ਹੈ*
*ਅਤੇ*
*ਐਪ ਐਪ ਖੇਡ੍ਹਦੀ*
*-ਇੰਟਰਨੈਟ ਦੀ ਰੇਸ ਹੈ*



*ਉਹ ਦਿਨ*
*ਹੋਰ ਹੁੰਦੇ ਸਨ*
*ਦੋਸਤ।* [13]

ਵਿਕਾਸ ਦੀ ਅੰਨੇ ਵਾਹ ਦੌੜ ਵਿਚ ਪਿੱਛੇ ਛੁੱਟਦੇ 'ਪਿੰਡ' ਅਤੇ ਸ਼ਹਿਰ ਦੀਆਂ ਦੁਕਾਨਾਂ ਦਾ ਟੁੱਟ ਕੇ 'ਸ਼ੋ-ਰੂਮ' ਹੋ ਜਾਣਾ, ਐਸਕੇਲੇਟਰਾਂ 'ਤੇ ਚੜ੍ਹਦਾ-ਉਤਰਦਾ ਬਹੁ ਮੰਜ਼ਿਲਾ ਕੋਈ 'ਮਾਲ' ਹੋ ਜਾਣਾ ਆਦਿ ਗੰਭੀਰ ਮਸਲਿਆਂ ਨੂੰ ਡਾ. ਰਮੇਸ਼ ਨੇ 'ਪੈੜ' 'ਦੁਕਾਨ' 'ਔੜ', 'ਇੱਕ ਤੋਂ - ਇੱਕ ਤੱਕ' ਕਵਿਤਾਵਾਂ ਰਾਹੀਂ ਆਪਣੀ ਸੋਚ ਦੇ ਸੰਵਾਦ ਨੂੰ ਸਮੂਰਤ ਕੀਤਾ ਹੈ। ਅਸਹਿਮਤ ਕਾਵਿ-ਸੰਗ੍ਰਹਿ ਦੀਆਂ ਜ਼ਿਆਦਾਤਰ ਕਵਿਤਾਵਾਂ ਵਿਚ ਕਵੀ ਹਾਂ- ਵਾਚੀ ਅਤੇ ਨਾਂਹ ਵਾਚੀ ਦੋਹਾਂ ਪ੍ਰਸੰਗਾਂ ਵਿਚ ਗੱਲ ਨੂੰ ਰੂਪਮਾਨ ਕਰਦਾ ਹੈ। ਡਾ. ਰਮੇਸ਼ ਦਾ ਵਿਅੰਗ ਤਿੱਖਾ, ਸੂਖਮ, ਸਜਗ ਤੇ ਸੁਚੇਤ ਪੱਧਰ ਦਾ ਹੈ। ਹੱਥਲੇ ਕਾਵਿ-ਸੰਗ੍ਰਹਿ ਵਿਚਲੀਆਂ ਆਖਿਰੀ ਕਵਿਤਾਵਾਂ ਜੀਵਨ ਦੇ ਅਨੁਭਵ', ਸੰਸਾਰਕ ਨਾਸ਼ਮਾਨਤਾ ਅਤੇ ਨਾਲ਼ ਹੀ ਰਿਸ਼ਤਿਆਂ ਦਾ ਨਿੱਘ ਮਹਿਸੂਸ ਕਰਦੀਆਂ ਕਵਿਤਾਵਾਂ ਵੀ ਸ਼ਾਮਿਲ ਹਨ। ਜੀਵਨ ਦੇ ਅਨੁਭਵ ਨੂੰ ਬਿਆਨ ਕਰਨ ਦਾ ਡਾ. ਰਮੇਸ਼ ਦਾ ਢੰਗ ਹੀ ਇਕ ਨਿਵੇਕਲਾ ਕਾਵਿ-ਮੁਹਾਂਦਰਾ ਸਿਰਜਦਾ ਹੈ। ਪਾਠਕ ਬਿਨਾਂ ਕਿਸੇ ਉਚੇਚ ਦੇ ਉਹਨਾਂ ਦੇ ਵਿਚਾਰਾਂ ਦੀ ਸੁਰ ਪਛਾਨਣ ਵਿਚ ਸਫ਼ਲ ਹੋ ਜਾਂਦੇ ਹਨ ਕਿਉਂਕਿ ਡਾ. ਰਮੇਸ਼ ਕੁਮਾਰ ਦੁਆਰਾ ਸਿਰਜੇ ਗਏ ਕੁਦਰਤੀ ਬਿੰਬ ਤੇ ਪ੍ਰਤੀਕ, ਪਾਠਕ ਦੇ ਜੀਵਨ ਦੇ ਆਲੇ-ਦੁਆਲੇ ਵਿਚੋਂ ਹੀ ਉੱਭਰੇ ਹੁੰਦੇ ਹਨ। ਕਵਿਤਾ ਪ੍ਰਤੀ ਡਾ. ਰਮੇਸ਼ ਕੁਮਾਰ ਦੀ ਪ੍ਰਤਿਬੱਧਤਾ ਕਾਰਨ ਹੀ ਅੱਜ ਵੀ ਉਹਨਾਂ ਦੇ ਕਾਵਿ-ਸੰਗ੍ਰਹਿ ਨਵੇਂ ਸੁਰ, ਨਵੇਂ ਵਿਚਾਰ, ਨਵੀਂ ਤਾਜ਼ਗੀ ਆਪਣੇ ਪਾਠਕਾਂ ਵਿਚ ਭਰਨ ਦਾ ਦਮ ਰੱਖਦੇ ਹਨ।

ਅਸਹਿਮਤ ਕਾਵਿ ਸੰਗ੍ਰਹਿ ਰਾਹੀਂ ਅਸਹਿਮਤ ਸ਼ਬਦ ਡਾ. ਰਮੇਸ਼ ਕੁਮਾਰ ਨੇ ਚੁਣੌਤੀ ਪੂਰਨ ਅਰਥਾਂ ਵਿਚ ਪੇਸ਼ ਕੀਤਾ ਹੈ ਅਤੇ ਅੱਜ ਦੇ ਭ੍ਰਿਸ਼ਟ ਸਿਸਟਮ ਦੇ ਵਰਤਾਰੇ ਵਿਚ 'ਸਹਿਮਤ' ਰਹਿਣ ਦੇ ਵਿਰੋਧ ਵਿਚ 'ਅਸਹਿਮਤ' ਦਾ ਸੰਕਲਪ ਦਿੱਤਾ ਹੈ। ਕਵੀ ਨੇ ਆਪਣੇ ਨਿੱਜੀ ਅਨੁਭਵ ਤੇ ਵਲਵਲਿਆਂ ਨੂੰ ਜਿਸ ਢੰਗ ਤਰੀਕੇ ਨਾਲ਼ ਪ੍ਰਗਟਾਇਆ ਹੈ ਉਹ ਸਾਰੀ ਪ੍ਰਕਿਰਿਆ ਉਸ ਦੀ ਸਿਰਜਣ ਵਿਧੀ ਬਣ ਗਈ ਹੈ। ਉਸ ਦੀਆਂ ਕਵਿਤਾਵਾਂ ਦਾ ਪੈਟਰਨ ਲਘੂ-ਕਾਵਿ ਵਾਲਾ ਹੈ, ਕੁਦਰਤੀ ਪਸਾਰੇ ਵਿਚੋਂ ਚਿਹਨ ਲੈ ਕੇ ਵੱਖ-ਵੱਖ ਥਾਵਾਂ ਤੇ ਕਵੀ ਨੇ ਉਹਨਾਂ ਨੂੰ ਆਪਣੇ ਕਾਵਿ-ਪ੍ਰਵਚਨ ਦੀ ਉਸਾਰੀ ਲਈ ਵਰਤਿਆ ਹੈ।

ਡਾ. ਰਮੇਸ਼ ਨੂੰ ਸ਼ਬਦਾਂ ਨੂੰ ਥਾਂ ਸਿਰ ਲਾਉਣ ਦੀ ਮੁਹਾਰਤ ਹਾਸਿਲ ਹੈ। ਸੰਜਮ ਅਤੇ ਸੰਕੋਚ ਨਾਲ਼ ਗੱਲ ਕਰਕੇ ਵੀ ਸ਼ਬਦਾਂ ਵਿਚ ਡੂੰਘੇ ਅਰਥ ਭਰ ਦੇਣਾ, ਸ਼ਬਦਾਂ



Scanned with OKEN Scanner

ਨੂੰ ਖਾਸ ਤਰਤੀਬ ਵਿਚ ਲਾਉਣਾ, ਖਾਸ ਉਦੇਸ਼ ਲਈ ਵਰਤਣਾ ਡਾ. ਰਮੇਸ਼ ਦੀ ਕਾਵਿ-ਸਿਰਜਨਾ ਵਿਚ ਵੇਖਿਆ ਜਾ ਸਕਦਾ ਹੈ। ਉਹਨਾਂ ਦੀਆਂ ਕਵਿਤਾਵਾਂ ਦੇ ਬਹੁਤ ਸਾਰੇ ਸ਼ਬਦ ਇਕੋ ਸਮੇਂ ਸ਼ਬਦ ਵੀ ਹਨ ਅਤੇ ਅਰਥ ਵੀ ਹਨ। ਬੜੇ ਸੋਖੇ ਤੇ ਸੁੱਚੇ ਮੋਤੀਆਂ ਵਰਗੇ ਸ਼ਬਦ ਅਤੇ ਉਹਨਾਂ ਦੀ ਜੜ੍ਹਤ ਡਾ. ਰਮੇਸ਼ ਕੁਮਾਰ ਦੀ ਕਾਵਿ-ਸਮਰਥਾ ਤੇ ਮੋਹਰ ਲਾਉਂਦੇ ਹਨ। ਹੱਥਲੀ ਪੁਸਤਕ 'ਅਸਹਿਮਤ' ਡਾ. ਰਮੇਸ਼ ਕੁਮਾਰ ਦੇ ਵਿਵੇਕ ਨੂੰ ਪਛਾਨਣ ਅਤੇ ਅੱਜ ਦੇ ਮਨੁੱਖ ਦੀ ਮਨਫ਼ੀ ਸੋਚ ਜਾਂ ਸੌੜੀ ਸੋਚ ਨੂੰ ਰੱਦ ਕਰਨ, ਆਪਣੀ ਸੂਝ ਅਤੇ ਚੇਤੰਨਤਾ ਨੂੰ ਵਿਸ਼ਾਲ ਕਰਨ ਨਿਰਭਉ ਅਤੇ ਨਿਰਵੈਰ ਦੀ ਸਥਿਤੀ ਵਿਚ ਪਹੁੰਚ ਕੇ 'ਅਸਹਿਮਤ' ਹੋਣ ਲਈ ਹਲੂਣਾ ਦਿੰਦੀ ਹੈ:

*ਨਾਂਹ*
*ਕਹਿਣ ਲਈ*
*ਹਾਂ-ਪੱਖੀ ਹੋਣਾ*
*-ਅਤਿ ਜ਼ਰੂਰੀ ਹੁੰਦਾ ਹੈ।*

*ਨਾਂਹ ਕਹਿਣਾ*
*ਹਰ ਵਾਰ*
*-ਬਗਾਵਤ ਨਹੀਂ ਹੁੰਦਾ।* [14]

**ਹਵਾਲੇ ਅਤੇ ਟਿੱਪਣੀਆਂ**


1 *ਡਾ. ਰਮੇਸ਼ ਕੁਮਾਰ, ਅਸਹਿਮਤ, ਪੰਨਾ 22*
2 *ਉਹੀ, ਪੰਨਾ 16*
3 *ਉਹੀ, ਪੰਨਾ 14*
4 *ਉਹੀ, ਪੰਨਾ 22*
5 *ਉਹੀ, ਪੰਨਾ 26*
6 *ਉਹੀ, ਪੰਨਾ 26*
7 *ਉਹੀ, ਪੰਨਾ 28*
8 *ਉਹੀ, ਪੰਨਾ 29*
9 *ਉਹੀ, ਪੰਨਾ 48*
10 *ਉਹੀ, ਪੰਨਾ 37*
11 *ਉਹੀ, ਪੰਨਾ 47*
12 *ਉਹੀ, ਪੰਨਾ 51*
13 *ਉਹੀ, ਪੰਨਾ 54*
14 *ਉਹੀ, ਪੰਨਾ 15*




## 'ਅਸਹਿਮਤ': ਅਣਸੁਲਝੇ ਮਸਲਿਆਂ 'ਤੇ ਪ੍ਰਸ਼ਨ ਚਿੰਨ੍ਹ

-ਜਗਪਾਲ

ਡਾ. ਰਮੇਸ਼ ਕੁਮਾਰ ਦਾ ਕਾਵਿ ਸੰਗ੍ਰਹਿ ਅ ਸਹਿਮਤ ਸਾਲ 2020 ਵਿਚ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਕਾਵਿ ਸੰਗ੍ਰਹਿ ਰੂਪੀ ਗੁਲਦਸਤੇ ਵਿਚ ਵੱਖ-ਵੱਖ ਵਿਸ਼ਿਆਂ ਨਾਲ਼ ਸਬੰਧਿਤ 51 ਨਜ਼ਮਾਂ ਦਰਜ ਹਨ। ਡਾ. ਰਮੇਸ਼ ਕੁਮਾਰ ਦੀਆਂ ਹੁਣ ਤੱਕ ਲਗਭਗ ਵੀਹ ਦੇ ਕਰੀਬ ਪੁਸਤਕਾਂ ਛਪ ਚੁੱਕੀਆਂ ਹਨ, ਜਿਨ੍ਹਾਂ ਦਾ ਵੇਰਵਾ ਇੰਝ ਦਰਜ ਹੈ:-

**ਕਾਵਿ ਸੰਗ੍ਰਹਿ** : ਬੌਣੀਆਂ ਕਿਰਨਾਂ ਔਰ ਉਦਾਸ ਗੁਲਮੋਹਰ' (1976), ਹੈਂਗਰ 'ਤੇ ਲਟਕਦੇ ਪਲ (1984), ਧੌਲ ਧਰਮ ਦਇਆ ਕਾ ਪੂਤ (1986), ਸ਼ਹਿਰਨਾਮਾ ਫ਼ਰੀਦਕੋਟ (1988), ਬੱਦਲਾਂ ਦੇ ਹਾਸ਼ੀਏ (1989), ਫ਼ੋਟੋ ਫਰੇਮ (2000), ਆਵਾਜ਼ ਦੇ ਆਕਾਰ (2007), ਬੈਕ ਲਾਈਟ (2008), ਧਨੁਸ਼ ਜੂਨ (2010), ਬੇਤੁਕ ਬੇਲਗਾਮ (2012), ਆਵਾਜ਼ ਦੀ ਵਿੱਥ ਤੋਂ (2014), ਖ਼ੂਹਾਂ ਦੇ ਖ਼ਲਾਅ (2016), ਅਸਹਿਮਤ (2020)।

**ਸੰਪਾਦਨਾ** : ਰੋਹੀ ਦੇ ਰੁੱਖ (ਕਵਿਤਾ -1986), ਕਾਵਿ ਨਾਦ (ਕਵਿਤਾ -1988)।

**ਕਹਾਣੀ** : ਜੈ ਖਾਣੇ ਦੇ (1989)।

**ਆਲੋਚਨਾ** : ਨਾਨਕ ਬਾਣੀ ਦਾ ਛੰਦ ਵਿਧਾਨ (1995)।

**ਹਿੰਦੀ ਅਨੁਵਾਦ** : ਆਵਾਜ਼ ਦੇ ਆਕਾਰ (2008), ਬੇਤੁਕ ਬੇਲਗਾਮ (2013), ਖ਼ੂਹਾਂ ਦੇ ਖਲਾਅ (2018)।

ਵਿਚਾਰਾਧੀਨ ਕਾਵਿ ਸੰਗ੍ਰਹਿ 'ਅ ਸਹਿਮਤ' ਦਾ ਸਿਰਲੇਖ ਪੇਜ ਹੀ ਪ੍ਰਸ਼ਨ (?) ਚਿਨ੍ਹ ਨਾਲ਼ ਸ਼ੁਰੂ ਹੁੰਦਾ ਹੈ, ਜਿਹੜਾ ਕਿ ਟੁੱਟੇ ਹੋਏ ਤੀਰ ਕਮਾਨ ਜਿਸ ਦੀ ਡੋਰੀ ਵੀ ਟੁੱਟ ਚੁੱਕੀ ਹੈ, ਦੇ ਵਿਚਕਾਰ ਆਪਣੀ ਬੇਵਸੀ ਨੂੰ ਵਿਅਕਤ ਕਰ ਰਿਹਾ ਹੋਵੇ। ਜਿਵੇਂ ਕਿਸੇ ਵੀ ਟੁੱਟੇ ਹੋਏ ਤੀਰ ਕਮਾਨ ਦੇ ਨਾਲ਼ ਕਿਸੇ ਵੀ ਨਿਸ਼ਾਨੇ ਨੂੰ ਨਹੀਂ ਸਾਧਿਆ ਜਾ ਸਕਦਾ, ਉਸੇ ਤਰ੍ਹਾਂ ਸਮਾਜ ਵਿਚ ਫੈਲੀ ਹੋਈ ਹਰ ਬੁਰਾਈ ਨੂੰ ਸਾਡੇ ਸਮਾਜ ਦੇ ਟੁੱਟੇ ਹੋਏ ਤੀਰ ਕਮਾਨ ਦੇ ਨਾਲ਼ ਖਤਮ ਨਹੀ ਕਿਤਾ ਜਾ



Scanned with OKEN Scanner